ਸ੍ਰਿਸ਼ਟੀ ਰਚਨਾ

(ਲੇਖਕ: ਭਾਈ ਜੋਧ ਸਿੰਘ)

ਕਈ ਮੱਤ ਇਹ ਕਹਿੰਦੇ ਹਨ ਕਿ ਸੰਸਾਰ ਦੀ ਖੇਡ ਇੱਕ ਅਨਾਦੀ ਪ੍ਰਵਾਹ ਹੈ, ਭਾਵ ਇਹ ਰਚਨਾ ਸਦਾ ਤੋਂ ਇਸੇ ਤਰ੍ਹਾਂ ਰਹੀ ਹੈ ਅਤੇ ਇਸੇ ਤਰ੍ਹਾਂ ਤੁਰੀ ਰਹੇਗੀ। ਉਹ ਸ੍ਰਿਸ਼ਟੀ ਦਾ ਨਾ ਆਦਿ ਮੰਨਦੇ ਹਨ ਅਤੇ ਨਾ ਅੰਤ। ਗੁਰਮਤਿ ਦਾ ਇਹ ਸਿਧਾਂਤ ਨਹੀਂ ਹੈ। ਗੁਰੂ ਸਾਹਿਬ ਆਪਣੀ ਬਾਣੀ ਅੰਦਰ ਇੱਕ ਐਸੇ ਸਮੇਂ ਦਾ ਜ਼ਿਕਰ ਕਰਦੇ ਹਨ ਜਦੋਂ ਇਹ ਰਚਨਾ ਨਹੀਂ ਸੀ ਅਤੇ ਕੇਵਲ ਨਿਰੰਕਾਰ ਹੀ ਸੀ।

– ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ॥ ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ॥
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ॥ ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ॥
ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ॥ (੫੦੯)

– ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ॥ ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ॥
ਬੈਠਾ ਤਾੜੀ ਲਾਇ ਆਪਿ ਸਭ ਦੂ ਹੀ ਬਾਹਰਿ॥ (੫੫੫)

– ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥
ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥
ਨਾ ਤਦਿ ਸੁਰਗੁ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥
ਨਾ ਤਦਿ ਜਤੀ ਸਤੀ ਬਨਵਾਸੀ॥ ਨਾ ਤਦਿ ਸਿਧ ਸਾਧਿਕ ਸੁਖਵਾਸੀ॥
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ॥
ਜਪ ਤਪ ਸੰਜਮ ਨਾ ਬ੍ਰਤ ਪੂਜਾ॥ ਨਾ ਕੋ ਆਖਿ ਵਖਾਣੈ ਦੂਜਾ॥
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ॥
ਨਾ ਸੁਚਿ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੁਆਲਾ॥
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ॥
ਕਰਮ ਧਰਮ ਨਹੀ ਮਾਇਆ ਮਾਖੀ॥ ਜਾਤਿ ਜਨਮੁ ਨਹੀ ਦੀਸੈ ਆਖੀ॥
ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ॥
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ॥ ਨਾ ਤਦਿ ਗੋਰਖੁ ਨ ਮਾਛਿੰਦੋ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ॥
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ॥ ਦੇਉ ਨ ਦੇਹੁਰਾ ਗਊ ਗਾਇਤ੍ਰੀ॥
ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ॥
ਨਾ ਕੋ ਮੁਲਾ ਨਾ ਕੋ ਕਾਜੀ॥ ਨਾ ਕੋ ਸੇਖੁ ਮਸਾਇਕੁ ਹਾਜੀ॥
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ॥
ਭਾਉ ਨ ਭਗਤੀ ਨਾ ਸਿਵ ਸਕਤੀ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ॥
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ॥

ਬੇਦ ਕਤੇਬ ਨ ਸਿੰਮ੍ਰਿਤਿ ਸਾਸਤ॥ ਪਾਠ ਪੁਰਾਣ ਉਦੈ ਨਹੀ ਆਸਤ॥
ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ॥
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥ ਬਾਝੁ ਕਲਾ ਆਡਾਣੁ ਰਹਾਇਆ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ॥ ਕਰਿ ਕਰਿ ਦੇਖੈ ਹੁਕਮੁ ਸਬਾਇਆ॥
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ॥
ਤਾ ਕਾ ਅੰਤੁ ਨ ਜਾਣੈ ਕੋਈ॥ ਪੂਰੇ ਗੁਰ ਤੇ ਸੋਝੀ ਹੋਈ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ॥ (੧੦੩੫)

ਰਚਨਾ ਕਦੋਂ ਤੇ ਕਿਸ ਤਰ੍ਹਾਂ ਹੋਈ? ਇਸਦੇ ਉੱਤਰ ਵਿੱਚ ਫੁਰਮਾਇਆ ਹੈ ਕਿ ਇਹ ਮਨੁੱਖ ਨਹੀਂ ਜਾਣ ਸਕਦਾ, ਸਾਜਨਹਾਰ ਹੀ ਜਾਣਦਾ ਹੈ।

– ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ (੪)

ਸਿੱਧਾਂ ਨੇ ਰਚਨਾ ਦੇ ਆਰੰਭ ਸੰਬੰਧੀ ਜਦੋਂ ਇਹ ਪ੍ਰਸ਼ਨ ਕੀਤਾ ਕਿ

– ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ॥ (੯੪੦)

ਤਾਂ ਸਤਿਗੁਰਾਂ ਦਾ ਜੁਆਬ ਸੀ ਕਿ

– ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥ (੯੪੦)

ਜਿਸ ਦਾ ਭਾਵ ਹੈ ਕਿ ਆਰੰਭ ਦਾ ਬੀਚਾਰੁ ਵਿਸਮਾਦ ਹੈ, ਅਰਥਾਤ ਜੇ ਅਰੰਭ ਦੇ ਵਿਸ਼ੇ ਬਾਰੇ ਸੋਚੀਏ ਤਾਂ ਸਿਵਾਏ ਹੈਰਾਨੀ ਦੇ ਹੋਰ ਕੁੱਝ ਹੱਥ ਨਹੀਂ ਆਉਂਦਾ। ਅਫੁਰ ਦਾ ਵਾਸ ਹਰ ਥਾਂ ਸੀ। ਭਾਵ ਅਫੁਰ ਅਵਸਥਾ ਵਿੱਚ ਵੀ ਨਿਰੰਕਾਰ ਸਰਬ ਵਿਆਪਕ ਸੀ। ਇਸ ਬਾਰੇ ਦਸਮ ਪਿਤਾ ਨੇ ਵੀ ਚੌਪਈ ਵਿੱਚ ਇੰਜ ਫੁਰਮਾਇਆ ਹੈ:

– ਤੁਮਰਾ ਲਖਾ ਨ ਜਾਇ ਪਸਾਰਾ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥ (ਚੌਪਈ ਪਾ: ੧੦)

ਅਸੀਂ ਨਹੀਂ ਜਾਣ ਸਕਦੇ ਕਿ ਪਹਿਲੋਂ ਰਚਨਾ ਕਿਵੇਂ ਬਣੀ। ਵੱਖ-ਵੱਖ ਮੱਤਾਂ ਨੇ ਸੰਸਾਰ ਰਚਨਾ ਦੇ ਕਈ ਕਾਰਨ ਲਿਖੇ ਹਨ। ਪ੍ਰਾਕ੍ਰਿਤੀ ਇਸ ਲਈ ਸ੍ਰਿਸ਼ਟੀ ਰਚਨਾ ਕਰਦੀ ਹੈ ਕਿ ਪੁਰਸ਼ ਨੂੰ ਗਿਆਨ ਹੋ ਜਾਵੇ। ਮਾਇਆ ਜਦੋਂ ਬ੍ਰਹਮ ਨੂੰ ਵਿਆਪਦੀ ਹੈ ਤਦੋਂ ਸੰਸਾਰ ਰਚਨਾ ਹੋ ਜਾਂਦੀ ਹੈ। ਜੀਵਾਂ ਦੇ ਕਰਮ ਇਸ ਰਚਨਾ ਦਾ ਹੇਤੂ ਹਨ। ਪਰ ਗੁਰੂ ਸਾਹਿਬ ਸੰਸਾਰ ਰਚਨਾ ਨੂੰ ਹੁਕਮ ਦੀ ਖੇਡ ਮੰਨਦੇ ਹਨ। ਭਲਾ ਹੁਣ ਤਾਂ ਜਨਮ ਮਰਨ ਜੀਵਾਂ ਨੂੰ ਕਰਮਾਂ ਅਨੁਸਾਰ ਹੈ ਪਰ ਮੁੱਢ ਵਿੱਚ ਕਰਮ ਕਿੱਥੋਂ ਆਏ?

– ਜਬ ਅਕਾਰੁ ਇਹੁ ਕਛੂ ਨ ਦ੍ਰਿਸਟੇਤਾ॥ ਪਾਪ ਪੁੰਨ ਤਬ ਕਹ ਤੇ ਹੋਤਾ॥
ਜਬ ਧਾਰੀ ਆਪਨ ਸੁੰਨ ਸਮਾਧਿ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ॥
ਜਬ ਇਸ ਕਾ ਬਰਨੁ ਚਿਹਨੁ ਨ ਜਾਪਤ॥ ਤਬ ਹਰਖ ਸੋਗ ਕਹੁ ਕਿਸਹਿ ਬਿਆਪਤ॥
ਜਬ ਆਪਨ ਆਪ ਆਪਿ ਪਾਰਬ੍ਰਹਮ॥ ਤਬ ਮੋਹ ਕਹਾ ਕਿਸੁ ਹੋਵਤ ਭਰਮ॥
ਆਪਨ ਖੇਲੁ ਆਪਿ ਵਰਤੀਜਾ॥ ਨਾਨਕ ਕਰਨੈਹਾਰੁ ਨ ਦੂਜਾ॥ (੨੯੦)

– ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ॥
ਜਹ ਨਿਰੰਜਨ ਨਿਰੰਕਾਰ ਨਿਰਬਾਨ॥ ਤਹ ਕਉਨ ਕਉ ਮਾਨ ਕਉਨ ਅਭਿਮਾਨ॥

ਜਹ ਸਰੂਪ ਕੇਵਲ ਜਗਦੀਸ॥ ਤਹ ਛਲ ਛਿਦ੍ਰ ਲਗਤ ਕਹੁ ਕੀਸ॥
ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ॥
ਕਰਨ ਕਰਾਵਨ ਕਰਨੈਹਾਰੁ॥ ਨਾਨਕ ਕਰਤੇ ਕਾ ਨਾਹਿ ਸੁਮਾਰੁ॥ (੨੯੧)

- ਜਹ ਅਛਲ ਅਛੇਦ ਅਭੇਦ ਸਮਾਇਆ॥ ਊਹਾ ਕਿਸਹਿ ਬਿਆਪਤ ਮਾਇਆ॥
ਆਪਸ ਕਉ ਆਪਹਿ ਆਦੇਸੁ॥ ਤਿਹੁ ਗੁਣ ਕਾ ਨਾਹੀ ਪਰਵੇਸੁ॥ (੨੯੧)

ਇਹ ਸਾਰੇ ਸਿਧਾਂਤ ਮਨੁੱਖਾਂ ਨੇ ਰਚਨਾ ਦੇ ਰਚੇ ਜਾਣ ਤੋਂ ਮਗਰੋਂ ਥਾਪੇ ਹਨ।

- ਜਹ ਆਪਿ ਰਚਿਓ ਪਰਪੰਚੁ ਅਕਾਰੁ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ॥
ਪਾਪੁ ਪੁੰਨੁ ਤਹ ਭਈ ਕਹਾਵਤ॥ ਕੋਊ ਨਰਕ ਕੋਊ ਸੁਰਗ ਬੰਛਾਵਤ॥
ਆਲ ਜਾਲ ਮਾਇਆ ਜੰਜਾਲ॥ ਹਉਮੈ ਮੋਹ ਭਰਮ ਭੈ ਭਾਰ॥
ਦੂਖ ਸੂਖ ਮਾਨ ਅਪਮਾਨ॥ ਅਨਿਕ ਪ੍ਰਕਾਰ ਕੀਓ ਬਖ੍ਯਾਨ॥
ਆਪਨ ਖੇਲੁ ਆਪਿ ਕਰਿ ਦੇਖੈ॥ ਖੇਲੁ ਸੰਕੋਚੈ ਤਉ ਨਾਨਕ ਏਕੈ॥ (੨੯੧)

ਗੁਰਮਤਿ ਦਾ ਸਿਧਾਂਤ ਇਹ ਹੈ ਕਿ ਸੰਸਾਰ ਹੁਕਮ ਤੋਂ ਉਪਜਦਾ ਹੈ।

- ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ (੧)

- ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥ ਆਪਨੈ ਭਾਣੈ ਲਏ ਸਮਾਏ॥
ਤੁਮ ਤੇ ਭਿੰਨ ਨਹੀ ਕਿਛੁ ਹੋਇ॥ ਆਪਨ ਸੂਤਿ ਸਭੁ ਜਗਤੁ ਪਰੋਇ॥ (੨੯੨)

- ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ॥ ਕਰਨਹਾਰੁ ਨਾਨਕ ਇਕੁ ਜਾਨਿਆ॥ (੨੯੨)

ਇਸ ਸੰਸਾਰ ਦੇ ਰਚਨ ਵਿੱਚ ਉਸਨੂੰ ਕਿਸੇ ਦੀ ਸਲਾਹ, ਕਿਸੇ ਪੁਰਸ਼ ਜਾਂ ਚੀਜ਼ ਦੀ ਸਹਾਇਤਾ ਦੀ ਲੋੜ ਨਹੀਂ, ਉਹ ਆਪਣੇ ਆਪ ਸਮਰੱਥ ਹੈ।

- ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ॥
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ਜਾਂ ਅਵਰੁ ਨ ਦੂਜਾ ਕੀਆ॥
ਫਿਰਿ ਆਪੇ ਜਗਤੁ ਉਪਾਇਆ ਕਰਤੈ ਦਾਨੁ ਸਭਨਾ ਕਉ ਦੀਆ॥
ਆਪੇ ਸੇਵ ਬਣਾਈਅਨੁ ਗੁਰਮੁਖਿ ਆਪੇ ਅੰਮ੍ਰਿਤੁ ਪੀਆ॥
ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ॥ (੫੫੧)

- ਏਕਸੁ ਤੇ ਸਭਿ ਰੂਪ ਹਹਿ ਰੰਗਾ॥ ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ॥
ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ॥ ਏਕੁ ਅਚਰਜੁ ਏਕੋ ਹੈ ਸੋਈ॥
ਗੁਰਮੁਖਿ ਵੀਚਾਰੇ ਵਿਰਲਾ ਕੋਈ॥ (੧੬੦)

ਮਾਇਆ, ਮੋਹ, ਭਰਮ ਜਿਨ੍ਹਾਂ ਨੂੰ ਨਿਰੰਕਾਰ ਤੋਂ ਛੁੱਟ ਰਚਨਾ ਦਾ ਕਾਰਨ ਮੰਨਿਆ ਜਾਂਦਾ ਹੈ ਉਹ ਉਸਦੇ ਪੈਦਾ ਕੀਤੇ ਹੋਏ ਹਨ।

- ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ॥ (੬੭)

- ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ॥
ਭਰਮੁ ਉਪਾਇ ਭੁਲਾਈਅਨੁ ਆਪੇ ਤੇਰਾ ਕਰਮੁ ਹੋਆ ਤਿਨ੍ ਗੁਰੂ ਮਿਲਿਆ॥ (੪੩੩)

– ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥ (੯੧੮)

– ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ॥ (੭੯੭)

ਮੁੱਕਦੀ ਗੱਲ ਇਹ ਰਚਨਾ ਉਸਦਾ ਆਪਣਾ ਪਸਾਰਾ ਹੈ।

– ਤੂੰ ਪੇਡੁ ਸਾਖ ਤੇਰੀ ਫੂਲੀ॥ ਤੂੰ ਸੂਖਮੁ ਹੋਆ ਅਸਥੂਲੀ॥
ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥
ਤੂੰ ਸੂਤੁ ਮਣੀਏ ਭੀ ਤੂੰਹੈ॥ ਤੂੰ ਗੰਠੀ ਮੇਰੁ ਸਿਰਿ ਤੂੰਹੈ॥
ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ॥ (੧੦੨)

– ਆਪੇ ਪੇਡੁ ਬਿਸਥਾਰੀ ਸਾਖ॥ ਅਪਨੀ ਖੇਤੀ ਆਪੇ ਰਾਖ॥
ਜਤ ਕਤ ਪੇਖਉ ਏਕੈ ਓਹੀ॥ ਘਟ ਘਟ ਅੰਤਰਿ ਆਪੇ ਸੋਈ॥ਰਹਾਉ॥
ਆਪੇ ਸੂਰੁ ਕਿਰਣਿ ਬਿਸਥਾਰੁ॥ ਸੋਈ ਗੁਪਤੁ ਸੋਈ ਆਕਾਰੁ॥
ਸਰਗੁਣ ਨਿਰਗੁਣ ਥਾਪੈ ਨਾਉ॥ ਦੁਹ ਮਿਲਿ ਏਕੈ ਕੀਨੋ ਠਾਉ॥
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ॥ ਅਨਦ ਰੂਪੁ ਸਭੁ ਨੈਨ ਅਲੋਇਆ॥ (੩੮੭)

ਗੁਰਮਤਿ ਦਾ ਸਿਧਾਂਤ ਇਹ ਹੈ ਕਿ ਆਪਣੀ ਸ਼ਕਤੀ ਦੁਆਰਾ ਉਸਨੇ ਇਹ ਖੇਡ ਰਚ ਦਿੱਤੀ ਹੈ। ਦਵੈਤ ਵੱਸ ਆਏ ਜੀਵਾਂ ਨੂੰ ਜੜ੍ਹ ਤੇ ਚੇਤਨ ਦੀ ਭਿੰਨਤਾ ਦਿਸਦੀ ਹੈ ਪਰ ਅਸਲ ਵਿੱਚ ਸਭ ਸੱਤਾ ਉਸੇ ਦੀ ਹੈ।

– ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥
ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ॥ ਕਤਹਿ ਗਇਓ ਉਹੁ ਕਤ ਤੇ ਆਇਓ॥ਰਹਾਉ॥
ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥
ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸੁ॥
ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ॥
ਓਹੁ ਅਬਿਨਾਸੀ ਬਿਨਸਤ ਨਾਹੀ॥ ਨਾ ਕੋ ਆਵੈ ਨਾ ਕੋ ਜਾਹੀ॥
ਗੁਰਿ ਪੂਰੈ ਹਉਮੈ ਮਲੁ ਧੋਈ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ॥ (੭੩੬)

ਮਾਇਆ ਦਾ ਸਰੂਪ ਹੀ ਇਹੋ ਹੈ ਕਿ ਉਸਦੇ ਪ੍ਰਭਾਵ ਨਾਲ ਅਸਲੀਅਤ ਵਿਸਰ ਜਾਂਦੀ ਹੈ ਤੇ ਦਵੈਤ ਦਾ ਕੇਂਦਰ ਬੱਝ ਜਾਂਦਾ ਹੈ।

– ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥ (੯੨੧)

ਗੁਰਮਤਿ ਸਿਧਾਂਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜਗਤ ਦੀ ਉਤਪਤੀ ਦਾ ਜਰੀਆ ਹਉਮੈ ਹੈ। ਹੁਕਮ ਦੁਆਰਾ ਹਉਮੈ ਸਾਜੀ ਗਈ ਜਿਸ ਤੋਂ ਅੱਗੇ ਸੰਸਾਰ ਦੀ ਖੇਡ ਤੁਰ ਪਈ।

– ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥ (੯੪੬)

ਜਦੋਂ ਗੁਰ ਉਪਦੇਸ਼ ਦੁਆਰਾ ਹਉਮੈ ਦਾ ਨਾਸ ਹੋ ਜਾਂਦਾ ਹੈ ਤਾਂ ਇਹ ਜਗਤ ਜਿਸ ਵਿੱਚ ਚੇਤਨ ਤੇ ਜੜ੍ਹ ਦੋ ਅੱਡ-ਅੱਡ ਭਾਸ ਰਹੇ ਹਨ, ਸਭ ਇਕ ਚੇਤਨ ਦੀ ਖੇਡ ਦਿੱਸਦੀ ਹੈ ਤੇ ਪਤਾ ਲੱਗਦਾ ਹੈ ਕਿ ਜਨਮ ਮਰਨ ਇੱਕ ਚਲਿਤ੍ਰ ਹੈ।

- ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ॥ (੯੪੬)

ਫਿਰ ਦਵੈਤ ਦਾ ਨਾਸ ਹੋ ਜਾਂਦਾ ਹੈ ਤੇ ਜਗਤ ਜੀਵਨ ਦੀ ਰੌਂ ਅੰਤਰ- ਆਤਮੇ ਤੁਰ ਪੈਂਦੀ ਹੈ।

- ਦੂਜੀ ਮਾਇਆ ਜਗਤ ਚਿਤ ਵਾਸੁ॥ ਕਾਮ ਕ੍ਰੋਧ ਅਹੰਕਾਰ ਬਿਨਾਸੁ॥
ਦੂਜਾ ਕਉਨੁ ਕਹਾ ਨਹੀ ਕੋਈ॥ ਸਭ ਮਹਿ ਏਕੁ ਨਿਰੰਜਨੁ ਸੋਈ॥ਰਹਾਉ॥
ਦੂਜੀ ਦੁਰਮਤਿ ਆਧੈ ਦੋਇ॥ ਆਵੈ ਜਾਇ ਮਰਿ ਦੂਜਾ ਹੋਇ॥
ਧਰਣਿ ਗਗਨ ਨਹ ਦੇਖਉ ਦੋਇ॥ ਨਾਰੀ ਪੁਰਖ ਸਬਾਈ ਲੋਇ॥
ਰਵਿ ਸਸਿ ਦੇਖਉ ਦੀਪਕ ਉਜਿਆਲਾ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ॥
ਕਰਿ ਕਿਰਪਾ ਮੇਰਾ ਚਿਤੁ ਲਾਇਆ॥ ਸਤਿਗੁਰਿ ਮੋ ਕਉ ਏਕੁ ਬੁਝਾਇਆ॥
ਏਕੁ ਨਿਰੰਜਨੁ ਗੁਰਮੁਖਿ ਜਾਤਾ॥ ਦੂਜਾ ਮਾਰਿ ਸਬਦਿ ਪਛਾਤਾ॥
ਏਕੋ ਹੁਕਮੁ ਵਰਤੈ ਸਭ ਲੋਈ॥ ਏਕਸੁ ਤੇ ਸਭ ਓਪਤਿ ਹੋਈ॥
ਰਾਹ ਦੋਵੈ ਖਸਮੁ ਏਕੋ ਜਾਣੁ॥ ਗੁਰ ਕੈ ਸਬਦਿ ਹੁਕਮੁ ਪਛਾਣੁ॥
ਸਗਲ ਰੂਪ ਵਰਨ ਮਨ ਮਾਹੀ॥ ਕਹੁ ਨਾਨਕ ਏਕੋ ਸਾਲਾਹੀ॥ (੨੨੩)

ਫਿਰ ਮੌਤ ਇੱਕ ਤਬਦੀਲੀ ਦਿੱਸਦੀ ਹੈ। ਇੱਕ ਹਾਲਤ ਵਿੱਚੋਂ ਦੂਜੀ ਵਿੱਚ ਲੈ ਜਾਣ ਲਈ ਇਹ ਖੇਡ ਨਿਰੰਕਾਰ ਨੇ ਰਚ ਦਿੱਤੀ ਹੈ।

- ਆਵਨ ਜਾਨੁ ਇਕੁ ਖੇਲੁ ਬਨਾਇਆ॥ ਆਗਿਆਕਾਰੀ ਕੀਨੀ ਮਾਇਆ॥ (੨੯੪)

- ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥
ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ॥
ਆਪੇ ਆਪਿ ਸਗਲ ਮਹਿ ਆਪਿ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ॥ (੨੯੧)

ਇਸੇ ਖ਼ਿਆਲ ਨੂੰ ਹੋਰ ਲਫ਼ਜ਼ਾਂ ਵਿੱਚ ਵੀ ਬਿਆਨ ਕੀਤਾ ਗਿਆ ਹੈ। ਨਿਰੰਕਾਰ ਨੇ ਹਉਮੈ ਉਪਾ ਕੇ ਜੀਵਾਂ ਵਿੱਚ ਭਿੰਨਤਾ ਪੈਦਾ ਕਰ ਦਿੱਤੀ। ਹਉਮੈ ਦਾ ਰੂਪ ਹੀ ਇਹੋ ਹੈ ਕਿ ਇਸ ਦੇ ਅਸਰ ਹੇਠ ਆਇਆ ਜੀਵ ਅਪਣੱਤ ਬਣਾ ਲੈਂਦਾ ਹੈ ਤੇ ਆਪਣੇ ਆਪ ਨੂੰ ਹੋਰਨਾਂ ਨਾਲੋਂ ਵੱਖ ਸਮਝਦਾ ਹੈ। ਇਸ ਨਿਖੇੜਨ ਦੇ ਅਮਲ ਦਾ ਨਾਮ ਵਿਜੋਗ ਰੱਖਿਆ ਹੈ। ਜੀਵਾਂ ਦੀ ਉਤਪਤੀ ਦਾ ਮੁਦਾ ਇਹ ਹੈ ਕਿ ਉਹ ਫਿਰ ਆਪਣੇ ਸਿਰਜਣਹਾਰ ਨਾਲ ਸੰਜੋਗ ਕਰਨ। ਸੰਸਾਰ ਦੀ ਕਾਰ ਇਨ੍ਹਾਂ ਦੋਹਾਂ ਵਿੱਚ ਹੈ।

- ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥ (੬)

- ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥ ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥
ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥
ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ॥ (੫੦੯)

ਜਿਸ ਵੇਲੇ ਮਨੁੱਖ ਨੂੰ ਇਹ ਪਤਾ ਲੱਗਦਾ ਹੈ ਕਿ ਸੰਸਾਰ ਉਹ ਕੁੱਝ ਨਹੀਂ ਜੋ ਕੁੱਝ ਉਹ ਸਮਝਦਾ ਰਿਹਾ ਹੈ ਤਾਂ ਕਈ ਲੋਕ ਇਹ ਕਹਿ ਦਿੰਦੇ ਹਨ ਕਿ ਇਹ ਸੰਸਾਰ ਨਿਰਾ ਭਰਮ ਹੈ। ਇਹ ਕਦੀ ਨਾ ਹੋਇਆ ਹੈ ਤੇ ਨਾ ਕਦੀ ਹੋਵੇਗਾ। ਗੁਰਮਤਿ ਇਹ ਦੱਸਦੀ ਹੈ ਕਿ ਇਹ ਖੇਡ ਨਿਰਾ ਭਰਮ ਨਹੀਂ, ਇਹ ਸਤਿ ਹੈ।

– ਆਪਿ ਸਤਿ ਕੀਆ ਸਭੁ ਸਤਿ॥ ਆਪੇ ਜਾਨੈ ਅਪਨੀ ਮਿਤਿ ਗਤਿ॥ (੨੮੪)

– ਆਪਿ ਸਤਿ ਸਤਿ ਸਭ ਧਾਰੀ॥ ਆਪੇ ਗੁਣ ਆਪੇ ਗੁਣਕਾਰੀ॥ (੨੮੫)

– ਸਤਿ ਕਰਮੁ ਜਾ ਕੀ ਰਚਨਾ ਸਤਿ॥ ਮੂਲੁ ਸਤਿ ਸਤਿ ਉਤਪਤਿ॥ (੨੮੪)

– ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥ ਸਚੇ ਤੇਰੇ ਕਰਣੇ ਸਰਬ ਬੀਚਾਰ॥ (੪੬੩)

ਹੁਣ ਇਹ ਸੰਸਾ ਉੱਠ ਸਕਦਾ ਹੈ ਕਿ ਗੁਰਬਾਣੀ ਵਿਚੇ ਹੀ ਇਸ ਜਗਤ ਨੂੰ "ਸੁਪਨਾ" ਅਤੇ "ਧੂਏਂ ਕਾ ਪਹਾੜ" ਕਰਕੇ ਵੀ ਵਰਣਨ ਕੀਤਾ ਗਿਆ ਹੈ। ਫਿਰ ਸਤਿ ਕਿਵੇਂ ਹੋਇਆ? "ਸੁਪਨਾ" ਅਤੇ "ਧੂਏਂ ਕਾ ਪਹਾੜ" ਦਾ ਮਤਲਬ ਇਹ ਹੈ ਕਿ ਜਿਸ ਤਰ੍ਹਾਂ ਅਸੀਂ ਇਸ ਸੰਸਾਰ ਨੂੰ ਥਿਰ ਤੇ ਸਦਾ ਰਹਿਣ ਵਾਲਾ ਮੰਨਦੇ ਹਾਂ ਇਹ ਗਲਤ ਹੈ ਪਰ ਇਸਦਾ ਇਹ ਭਾਵ ਨਹੀਂ ਕਿ ਸੰਸਾਰ ਅਸਲੋਂ ਹੈ ਹੀ ਨਹੀਂ। ਅਜੇਹੇ ਸ਼ਬਦਾਂ ਦਾ ਇਹ ਭਾਵ ਹੈ ਕਿ ਜੋ ਕੁੱਝ ਅਸੀਂ ਸਮਝਦੇ ਹਾਂ ਉਹੋ ਕੁੱਝ ਇਹ ਸੰਸਾਰ ਨਹੀਂ।

ਗੁਰਮਤਿ ਤੋਂ ਇਹ ਪਤਾ ਲੱਗਾ ਹੈ ਕਿ ਜੇ ਨਿਰੰਕਾਰ ਨੇ ਆਪਣੇ ਹੁਕਮ ਤੋਂ ਇਹ ਜਗਤ ਉਤਪਤ ਕੀਤਾ ਹੈ ਤਾਂ ਇਸ ਵਿੱਚ ਪਾਪ ਤੇ ਬੁਰਿਆਈ ਕਿਥੋਂ ਆ ਗਈ। ਗੁਰੂ ਸਾਹਿਬ ਦੱਸਦੇ ਹਨ ਕਿ ਜਿਸਨੂੰ ਅਸੀਂ ਪਾਪ, ਬੁਰਿਆਈ ਜਾਂ ਧਰਮ ਦੇ ਰਾਹ ਵਿੱਚ ਰੋਕ ਸਮਝਦੇ ਹਾਂ, ਉਹ ਨਿਰੰਕਾਰ ਨੇ ਆਪ ਪੈਦਾ ਕੀਤੀ ਹੈ।

– ਬਿਖੁ ਅੰਮ੍ਰਿਤੁ ਕਰਤਾਰਿ ਉਪਾਏ॥ ਸੰਸਾਰ ਬਿਰਖ ਕਉ ਦੁਇ ਫਲ ਲਾਏ॥ (੧੧੭੨)

ਇਹ ਮਾਇਆ, ਭਰਮ, ਪਾਪ ਜੋ ਵੀ ਇਸ ਦਾ ਨਾਮ ਰੱਖੋ, ਕਿਉਂ ਪੈਦਾ ਕੀਤੇ ਗਏ? ਸਰੀਰਕ ਬਲ ਤਦ ਹੀ ਵੱਧਦਾ ਹੈ ਜਦੋਂ ਮਾਦੀ ਰੋਗਾਂ ਤੇ ਫਤਹਿ ਪਾਈਏ। ਇਖਲਾਕੀ ਗੁਣ ਤਦ ਹੀ ਆਉਂਦੇ ਹਨ ਜਦੋਂ ਸਾਡੇ ਸਾਹਮਣੇ ਮਾਇਆ ਦੇ ਵਰਤਾਰੇ ਆਉਣ ਤੇ ਅਸੀਂ ਉਨ੍ਹਾਂ ਦੇ ਕਾਬੂ ਵਿੱਚ ਨਾ ਆਈਏ। ਸਾਡੀ ਆਤਮਿਕ ਉੱਨਤੀ ਇਸੇ ਵਿੱਚ ਹੈ ਕਿ ਅਸੀਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਮਮਤਾ ਜੋ ਹਉਮੈ ਦਾ ਰੂਪ ਹਨ, ਇਨ੍ਹਾਂ ਤੇ ਫਤਹਿ ਪਾਈਏ। ਪੰਚਮ ਪਿਤਾ ਦਾ ਫੁਰਮਾਨ ਹੈ:

– ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥
ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥
ਸਭ ਇਕਠੇ ਹੋਇ ਆਇਆ॥ ਘਰਿ ਜਾਸਨਿ ਵਾਟ ਵਟਾਇਆ॥
ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥ (੭੪)

ਗੁਰੂ ਦੀ ਸਿੱਖਿਆ ਅਨੁਸਾਰ ਇਹ ਰੋਕਾਂ ਆਤਮਿਕ ਉੱਨਤੀ ਲਈ ਰੱਖੀਆਂ ਹਨ ਤਾਂ ਜੋ ਇਨ੍ਹਾਂ ਨਾਲ ਜੂਝ ਕੇ ਸਾਡੀ ਆਤਮਾ ਬਲਵਾਨ ਹੋ ਜਾਵੇ, ਤੇ ਜੋ ਮਨੁੱਖ ਗੁਰਮਤਿ ਧਾਰ ਕੇ ਇਨ੍ਹਾਂ ਨੂੰ ਜਿੱਤ ਲੈਂਦੇ ਹਨ, ਉਹ ਜੀਵਨ ਸਫ਼ਲ ਕਰ ਜਾਂਦੇ ਹਨ। ਮਨਮੁੱਖ ਇਨ੍ਹਾਂ ਦੇ ਵੱਸ ਵਿੱਚ ਆ ਕੇ ਜੋ ਮੂਲ ਰਾਸ਼ੀ ਮਿਲੀ ਹੈ ਉਸਨੂੰ ਵੀ ਗਵਾ ਜਾਂਦੇ ਹਨ।

ਕਈ ਵਿਚਾਰਵਾਨਾਂ ਦਾ ਇਹ ਖ਼ਿਆਲ ਹੈ ਕਿ ਇਹ ਸ੍ਰਿਸ਼ਟੀ ਇੱਕੋ ਵਾਰ ਨਹੀਂ ਰਚੀ ਗਈ ਸਗੋਂ ਰਚਨਾ ਬਰਾਬਰ ਜਾਰੀ ਹੈ। ਪਰ ਗੁਰੂ ਸਾਹਿਬਾਨ ਦਾ ਫੁਰਮਾਨ ਹੈ ਕਿ:

– ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ (੩)

ਭਾਵ ਇਹ ਕਿ ਇਹ ਪਸਾਰਾ ਇੱਕ ਬੋਲ ਤੋਂ ਹੋਇਆ ਹੈ ਤੇ ਉਸ ਬੋਲ ਤੋਂ ਜੀਵਨ ਦੇ ਲੱਖਾਂ ਦਰਿਆ ਹੋਂਦ ਵਿੱਚ ਆ ਗਏ। ਇਹ ਰਚਨਾ ਬੇਅੰਤ ਹੈ ਤੇ ਕਈ ਵਾਰੀ ਰਚੀ ਗਈ।

– ਜਾ ਕੀ ਲੀਲਾ ਕੀ ਮਿਤਿ ਨਾਹਿ॥ ਸਗਲ ਦੇਵ ਹਾਰੇ ਅਵਗਾਹਿ॥ (੨੮੪)

– ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥ ਅਸੰਖ ਕਹਹਿ ਸਿਰਿ ਭਾਰੁ ਹੋਇ॥ (੪)

– ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥ (੨੭੬)

ਇਹ ਰਚਨਾ ਕਿਸ ਵਾਸਤੇ ਹੈ? ਬੀਜ ਰੂਪ ਹੋਣ ਕਰਕੇ ਜੋ ਜੋਤ ਸਭ ਜੀਵਾਂ ਵਿੱਚ ਹੈ ਉਸਨੂੰ ਉਹ ਜੀਵ ਵਧਾਕੇ ਉਸ ਨਿਰੰਕਾਰ ਵਿੱਚ ਜਾ ਮਿਲਣ।

– ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥ (੨੨੪)

ਇਹ ਉੱਨਤੀ ਗੁਰਮਤਿ ਅਨੁਸਾਰ ਸਿਮਰਨ ਦੁਆਰਾ ਹੁੰਦੀ ਹੈ, ਇਸ ਲਈ ਦੂਜੇ ਲਫ਼ਜ਼ਾਂ ਵਿੱਚ ਪ੍ਰਯੋਜਨ ਇਹ ਦੱਸਿਆ ਹੈ:

– ਹਰਿ ਸਿਮਰਨਿ ਧਾਰੀ ਸਭ ਧਰਨਾ॥ (੨੬੩)

ਅੰਤ ਵਿੱਚ ਇਹ ਦੱਸਣਾ ਗੁਣਕਾਰੀ ਹੋਵੇਗਾ ਕਿ ਸਾਰੇ ਸਾਇੰਸਦਾਨ ਹੁਣ ਇਹ ਨਹੀਂ ਮੰਨਦੇ ਕਿ ਇਹ ਸੰਸਾਰ ਅਨਾਦੀ ਤੇ ਅਨੰਤ ਹੈ। ਉਨ੍ਹਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਪ੍ਰਮਾਣੂਆਂ ਦੀ ਤਰਤੀਬ ਤੇ ਜਥੇਬੰਦੀ ਵਿੱਚ ਵਿਘਨ ਵੱਧ ਰਿਹਾ ਹੈ। ਇਹ ਤਰਤੀਬ ਤੇ ਜਥੇਬੰਦੀ ਇਕ ਵਾਰ ਟੁੱਟੀ ਹੋਈ ਮੁੜ ਆਪਣੇ ਆਪ ਆਪਣੀ ਅਸਲੀ ਹਾਲਤ ਤੇ ਨਹੀਂ ਆ ਸਕਦੀ। ਇਸ ਵਿਘਨ ਦੇ ਮਾਪ ਦਾ ਨਾਉਂ ਉਨ੍ਹਾਂ ਐਨਟ੍ਰੋਪੀ ਰੱਖਿਆ ਹੈ ਤੇ ਦੱਸਿਆ ਹੈ ਕਿ ਇਹ ਐਨਟ੍ਰੋਪੀ ਜਗਤ ਵਿੱਚ ਵੱਧ ਸਕਦੀ ਹੈ ਪਰ ਘੱਟ ਨਹੀਂ ਸਕਦੀ। ਜਦੋਂ ਤਰਤੀਬ ਤੇ ਜਥੇਬੰਦੀ ਦਾ ਅੰਤ ਹੋ ਗਿਆ। ਜਗਤ ਦੀ ਮੌਜੂਦਾ ਸੂਰਤ ਵੀ ਨਾਸ ਹੋ ਜਾਵੇਗੀ। ਨਾਲ ਹੀ ਉਹ ਸਮਾਂ ਭੀ ਮੰਨਣਾ ਪੈਂਦਾ ਹੈ ਜਦੋਂ ਤਰਤੀਬ ਤੇ ਜਥੇਬੰਦੀ ਪੂਰਨ ਤੇ ਨਿਰਵਿਘਨ ਸੀ। ਇਸ ਘੜੀ ਨੂੰ ਕਦੀ ਚਾਬੀ ਲੱਗੀ ਹੈ, ਹੌਲੀ-ਹੌਲੀ ਕਮਾਣੀ ਖੁੱਲ੍ਹ ਰਹੀ ਹੈ ਤੇ ਅੰਤ ਚਾਲ ਬੰਦ ਹੋ ਜਾਵੇਗੀ। ਇਸ ਲਈ ਇਸ ਦਿਸ ਰਹੇ ਜਗਤ ਦਾ ਆਦਿ ਵੀ ਹੈ ਤੇ ਅੰਤ ਵੀ।